pstcl
PUNJAB STATE TRANSMISSION CORPORATION LIMITED
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਸ਼ਕਤੀ ਸਦਨ ਪਟਿਆਲਾ।
ਟੈਲੀਫੂਨ ਨੰ:- 0175-2970693 ਈ-ਮੇਲ: se-admin@pstcl.org ਵੈਬਸਾਇਟ : www.pstcl.org

ਦਫਤਰੀ ਹੁਕਮ ਨੰ: 296 /CS- 133 to 135 & CS-145 ਮਿਤੀ: 5/4/24

A) ਜਿਵੇਂ ਕਿ ਇੰਜੀ: ਨਰਿੰਦਰ ਸਿੰਘ (ਕੋਡ ਨੰ. 107626), ਵਧੀਕ ਨਿਗਰਾਨ ਇੰਜੀਨੀਅਰ ਵੱਲੋਂ 400 ਕੇਵੀ ਸ/ਸ ਪੀ.ਐਸ.ਟੀ.ਸੀ.ਐਲ., ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਵਧੀਕ ਨਿਗਰਾਨ ਇੰਜੀਨੀਅਰ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਦੋਸ਼ ਸੂਚੀ ਨੰ. 133 ਮਿਤੀ: 29.07.2022 (ਸਾਂਝੀ ਕਾਰਵਾਈ ਅਧੀਨ) ਜਾਰੀ ਕੀਤੀ ਗਈ:-

"ਜਦੋਂ ਤੁਸੀਂ (ਇੰਜ. ਨਰਿੰਦਰ ਸਿੰਘ (ਆਈ.ਡੀ. -107626) ਵਧੀਕ ਨਿਗਰਾਨ ਇੰਜੀਨੀਅਰ) 400 ਕੇ.ਵੀ. ਸ/ਸ ਸ੍ਰੀ ਮੁਕਤਸਰ ਸਾਹਿਬ ਵਿਖੇ ਤੈਨਾਤ ਸੀ ਤਾਂ ਮਿਤੀ 28.04.2022 ਨੂੰ 315 MVA/ICT-2 ਦੀ 206 BAY ਦੇ ਸੀ-ਟੀ ਵਿੱਚ ਗੈਸ ਭਰਨ ਲਈ HV ਅਤੇ LV ਸਾਇਡ ਨੂੰ ਡਿਸਚਾਰਜ ਕਰਨ ਦੀ ਬਜਾਏ ਸਿਰਫ LV ਸਾਇਡ ਨੂੰ ਡਿਸਚਾਰਜ ਕਰਨ ਦਾ ਕੋਡ ਲਿਆ ਗਿਆ, ਜੋ ਕਿ ਅਣ-ਉਚਿੱਤ ਸੀ, ਜਿਸ ਦੀ ਪਾਲਣਾ ਕਰਨ ਤੇ ਕੀਤੀਆਂ ਉਪਰੇਸ਼ਨਾਂ ਨਾਲ 206 ਬੇਅ ਦਾ CT ਡਿਸਚਾਰਜ ਨਹੀਂ ਹੋਇਆ ਅਤੇ 89LE2 ਅਰਥ ਸਵਿੱਚ ਲਗਵਾਉਣ ਤੇ ICT-2 ਟਰਿਪ ਕਰ ਗਿਆ ਅਤੇ ਜੇਕਰ ਤੁਸੀਂ ਸਬ-ਸਟੇਸ਼ਨ ਤੇ ਮੌਜੂਦ ਹੁੰਦੇ ਤਾਂ ਇਸ ਹਾਦਸੇ ਨੂੰ ਹੋਣ ਤੋਂ ਬਚਾ ਸਕਦੇ ਸੀ। ਇਸ ਲਈ ਤੁਹਾਡੇ ਵਲੋਂ ਗੈਸ ਭਰਨ ਸਮੇਂ ਸਬ-ਸਟੇਸ਼ਨ ਤੋਂ ਗੈਰ ਹਾਜਿਰ ਹੋਣ ਲਈ ਤੁਸੀਂ ਸਿੱਧੇ ਤੌਰ ਤੇ ਜਿੰਮੇਵਾਰ ਹੋ। ਤੁਹਾਡੀ ਇਸ ਅਣਗਹਿਲੀ/ ਕੁਤਾਹੀ/ ਗਲਤੀ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਸੀ।

ਤੁਹਾਡੇ ਵਲੋਂ ਡਿਊਟੀ ਸਮੇਂ ਦੌਰਾਨ ਕੀਤੀਆਂ ਉਪਰੋਕਤ ਕੁਤਾਹੀਆਂ/ ਅਣਗਹਿਲੀਆਂ/ ਗਲਤੀਆਂ ਦੇ ਮੱਦੇਨਜਰ ਆਪ ਵਿਰੁੱਧ ਪੰ.ਰਾ.ਬਿ.ਬੋ./ਹੁਣ ਪੀ.ਐਸ.ਟੀ.ਸੀ.ਐਲ./ ਪੀ.ਐਸ.ਪੀ.ਸੀ.ਐਲ., ਕਰਮਚਾਰੀ ਸਜ਼ਾ ਤੇ ਅਪੀਲ ਰੈਗੂਲੇਸ਼ਨ - 1971 ਦੇ ਵਿਨਿਯਮ 05 ਦੇ ਕ੍ਰਮ ਨੰ. v ਤੋਂ ix ਤੱਕ (ਵਿਨਿਯਮ 8 ਨਾਲ ਪੜ੍ਹਿਆ ਜਾਵੇ) ਅਧੀਨ, ਅਨੁਸ਼ਾਸਨੀ ਕਾਰਵਾਈ ਲਈ ਆਕਰਸ਼ਕ ਕਰਦੀਆਂ ਹਨ।"

B) ਜਿਵੇਂ ਕਿ ਇੰਜੀ: ਮਿਲਨ ਜੈਨ (ਕੋਡ ਨੰ. 501019), ਸਹਾਇਕ ਕਾਰਜਕਾਰੀ ਇੰਜੀਨੀਅਰ ਵੱਲੋਂ 400 ਕੇਵੀ ਸ/ਸ ਪੀ.ਐਸ.ਟੀ.ਸੀ.ਐਲ., ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਏ.ਈ.ਈ./ ਮੈਂਟੀਨੈਂਸ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਦੋਸ਼ ਸੂਚੀ ਨੰ. 134 ਮਿਤੀ: 29.07.2022 ਜਾਰੀ ਕੀਤੀ ਗਈ:-

"ਤੁਹਾਡੇ (ਇੰਜ. ਮਿਲਨ ਜੈਨ (ਆਈ.ਡੀ.-501019) ਸਹਾਇਕ ਕਾਰਜਕਾਰੀ ਇੰਜੀਨੀਅਰ) ਵਲੋਂ ਮਿਤੀ 28.04.2022 ਨੂੰ 315 MVA/ICT-2 ਦੀ 206 BAY ਦੇ ਸੀ-ਟੀ ਵਿੱਚ ਗੈਸ ਭਰਨ ਲਈ HV ਅਤੇ LV ਸਾਇਡ ਨੂੰ ਡਿਸਚਾਰਜ ਕਰਨ ਦੀ ਬਜਾਏ ਸਿਰਫ LV ਸਾਇਡ ਨੂੰ ਡਿਸਚਾਰਜ ਕਰਨ ਦਾ ਕੋਡ ਲਿਆ ਗਿਆ, ਜੋ ਕਿ ਅਣ-ਉਚਿੱਤ ਸੀ, ਜਿਸ ਦੀ ਪਾਲਣਾ ਕਰਨ ਤੇ ਕੀਤੀਆਂ ਉਪਰੇਸ਼ਨਾਂ ਨਾਲ 206 ਬੇਅ ਦਾ CT ਡਿਸਚਾਰਜ ਨਹੀਂ ਹੋਇਆ ਅਤੇ 89LE2 ਅਰਥ ਸਵਿੱਚ ਲਗਵਾਉਣ ਤੇ ICT-2 ਟਰਿਪ ਕਰ ਗਿਆ ਅਤੇ ਜੇਕਰ ਤੁਸੀਂ ਸਬ-ਸਟੇਸ਼ਨ ਤੇ ਮੌਜੂਦ ਹੁੰਦੇ ਤਾਂ ਇਸ ਹਾਦਸੇ ਨੂੰ ਹੋਣ ਤੋਂ ਬਚਾ ਸਕਦੇ ਸੀ। 315 MVA/ICT-2 ਦੀ 206 BAY ਦੇ ਸੀ-ਟੀ ਵਿੱਚ ਗੈਸ ਭਰਨ ਸਮੇਂ ਤੁਹਾਨੂੰ ਏਈਈ/ਮੇਟੀਨੈਂਸ ਹੋਣ ਦੇ ਨਾਤੇ ਸਬ-ਸਟੇਸ਼ਨ ਤੇ ਹਾਜਿਰ ਹੋਣਾ ਚਾਹੀਦਾ ਸੀ ਕਿਉਂਕਿ ਜੇਕਰ ਤੁਸੀਂ ਸਬ-ਸਟੇਸ਼ਨ ਤੇ ਮੌਜੂਦ ਹੁੰਦੇ ਤਾਂ ਇਸ ਹਾਦਸੇ ਨੂੰ ਹੋਣ ਤੋਂ ਬਚਾ ਸਕਦੇ ਸੀ।ਇਸ ਲਈ ਤੁਹਾਡੇ ਵਲੋਂ ਗੈਸ ਭਰਨ ਸਮੇਂ ਸਬ-ਸਟੇਸ਼ਨ ਤੋਂ ਗੈਰ ਹਾਜਿਰ ਹੋਣ ਲਈ ਤੁਸੀਂ ਸਿੱਧੇ ਤੌਰ ਤੇ ਜਿੰਮੇਵਾਰ ਹੋ। ਤੁਹਾਡੀ ਇਸ ਅਣਗਹਿਲੀ/ ਕੁਤਾਹੀ/ ਗਲਤੀ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਸੀ।

ਤੁਹਾਡੇ ਵਲੋਂ ਡਿਊਟੀ ਸਮੇਂ ਦੌਰਾਨ ਕੀਤੀਆਂ ਉਪਰੋਕਤ ਕੁਤਾਹੀਆਂ/ ਅਣਗਹਿਲੀਆਂ/ ਗਲਤੀਆਂ ਦੇ ਮੱਦੇਨਜਰ ਆਪ ਵਿਰੁੱਧ ਪੰ.ਰਾ.ਬਿ.ਬੋ./ਹੁਣ ਪੀ.ਐਸ.ਟੀ.ਸੀ.ਐਲ./ ਪੀ.ਐਸ.ਪੀ.ਸੀ.ਐਲ., ਕਰਮਚਾਰੀ ਸਜ਼ਾ ਤੇ ਅਪੀਲ ਰੈਗੂਲੇਸ਼ਨ - 1971 ਦੇ ਵਿਨਿਯਮ 05 ਦੇ ਕ੍ਰਮ ਨੰ. v ਤੋਂ ix ਤੱਕ (ਵਿਨਿਯਮ 8 ਨਾਲ ਪੜਿਆ ਜਾਵੇ) ਅਧੀਨ, ਅਨੁਸ਼ਾਸ਼ਨੀ ਕਾਰਵਾਈ ਲਈ ਆਕਰਸ਼ਕ ਕਰਦੀਆਂ ਹਨ।"

C) ਜਿਵੇਂ ਕਿ ਸ੍ਰੀ ਅਮਿਤ ਕਾਠ ਪਾਲ (ਆਈ.ਡੀ. ਨੰ. 603188), ਜੂਨੀਅਰ ਇੰਜੀਨੀਅਰ ਵੱਲੋਂ 400 ਕੇਵੀ ਸ/ਸ ਪੀ.ਐਸ.ਟੀ.ਸੀ.ਐਲ., ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਜੇਈ/ ਉਪਰੇਸ਼ਨ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਦੋਸ਼ ਸੂਚੀ ਨੰ. 135 ਮਿਤੀ: 29.07.2022 ਜਾਰੀ ਕੀਤੀ ਗਈ:-

" ਜਦੋ ਤੁਸੀ (ਅਮਿਤ ਕਾਠ ਪਾਲ (ਆਈ.ਡੀ.-603188) ਜੂਨੀਅਰ ਇੰਜੀਨੀਅਰ) 400 ਕੇ.ਵੀ. ਸ/ਸ ਸ੍ਰੀ ਮੁਕਤਸਰ ਸਾਹਿਬ ਵਿਖੇ ਤੈਨਾਤ ਸੀ ਤਾ ਮਿਤੀ 28.04.2022 ਨੂੰ ਤੁਹਾਡੇ ਵੱਲੋਂ 315 MVA/ICT-2 ਦੀ 206 BAY ਦੇ CT ਵਿੱਚ SF6 ਗੈਸ ਭਰਨ ਲਈ ਸਿਰਫ LV ਸਾਇਡ ਡਿਸਚਾਰਜ ਕਰਨ ਹਿੱਤ ਲਏ ਕੋਡ ਦੀ ਪਾਲਣਾ ਹਿੱਤ ਉਪਰੇਸ਼ਨਾਂ ਕਰਵਾਈਆਂ ਗਈਆਂ ਅਤੇ ਪਰਮਿਟ ਨੰ: 1517 ਕਟਿਆ ਗਿਆ। ਕਿਉਂ ਜ਼ੋ HV ਅਤੇ LV ਸਾਇਡ ਨੂੰ ਡਿਸਚਾਰਜ ਕਰਨ ਦੀ ਬਜਾਏ LV ਸਾਇਡ ਨੂੰ ਡਿਸਚਾਰਜ ਕਰਨ ਲਈ ਅਣ-ਉਚਿਤ ਕੋਡ ਦੇ ਤਹਿਤ ਨਾ-ਕਾਫੀ ਉਪਰੇਸ਼ਨਾਂ ਕਰਵਾ ਕੇ ਪਰਮਿਟ ਕੱਟਿਆ ਗਿਆ ਅਤੇ 89LE2 ਅਰਥ ਸਵਿੱਚ ਲਗਵਾਉਣ ਤੇ ICT-2 ਟਰਿਪ ਕਰ ਗਿਆ ਜਿਸ ਲਈ ਤੁਸੀ ਸਿੱਧੇ ਤੌਰ ਤੇ ਜਿੰਮੇਵਾਰ ਹੋ। ਤੁਹਾਡੀ ਇਸ ਅਣਗਹਿਲੀ/ ਕੁਤਾਹੀ/ਗਲਤੀ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਸੀ।

ਤੁਹਾਡੇ ਵਲੋਂ ਡਿਊਟੀ ਸਮੇਂ ਦੌਰਾਨ ਕੀਤੀਆਂ ਉਪਰੋਕਤ ਕੁਤਾਹੀਆਂ/ ਅਣਗਹਿਲੀਆਂ/ ਗਲਤੀਆਂ ਦੇ ਮੱਦੇਨਜਰ ਆਪ ਵਿਰੁੱਧ ਪੰ.ਰਾ.ਬਿ.ਬੋ./ਹੁਣ ਪੀ.ਐਸ.ਟੀ.ਸੀ.ਐਲ./ ਪੀ.ਐਸ.ਪੀ.ਸੀ.ਐਲ., ਕਰਮਚਾਰੀ ਸਜ਼ਾ ਤੇ ਅਪੀਲ ਰੈਗੂਲੇਸ਼ਨ - 1971 ਦੇ ਵਿਨਿਯਮ 05 ਦੇ ਕ੍ਰਮ ਨੰ. v ਤੋਂ ix ਤੱਕ (ਵਿਨਿਯਮ 8 ਨਾਲ ਪੜਿਆ ਜਾਵੇ) ਅਧੀਨ, ਅਨੁਸ਼ਾਸ਼ਨੀ ਕਾਰਵਾਈ ਲਈ ਆਕਰਸ਼ਕ ਕਰਦੀਆਂ ਹਨ।"

D) ਜਿਵੇਂ ਕਿ ਸ੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਵੱਲੋਂ 400 ਕੇਵੀ ਸ/ਸ ਪੀ.ਐਸ.ਟੀ.ਸੀ.ਐਲ., ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਜੇ.ਈ./ ਮੈਂਟੀਨੈਂਸ ਆਪਣੀ ਡਿਊਟੀ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸਨੂੰ ਦੋਸ਼ ਸੂਚੀ ਨੰ. 145 ਮਿਤੀ: 14.10.2022 ਜਾਰੀ ਕੀਤੀ ਗਈ:-

" ਜਦੋਂ ਤੁਸੀਂ (ਸ੍ਰੀ ਪਰਮਪਾਲ ਸਹਿਗਲ ਜੇ.ਈ. ਮੈਨਟੀਨੇਸ (ਆਈ.ਡੀ.-603040)) 400 ਕੇ.ਵੀ. ਸ/ਸ ਸ੍ਰੀ ਮੁਕਤਸਰ ਸਾਹਿਬ ਵਿਖੇ ਤੈਨਾਤ ਸੀ ਤਾਂ ਤੁਹਾਡੇ ਵਲੋਂ ਮਿਤੀ 28.04.2022 ਨੂੰ 315 MVA/ICT-2 ਦੀ 206 BAY ਦੇ ਸੀ-ਟੀ ਵਿੱਚ ਗੈਸ ਭਰਨ ਲਈ HV ਅਤੇ LV ਸਾਇਡ ਨੂੰ ਡਿਸਚਾਰਜ ਕਰਨ ਦੀ ਬਜਾਏ ਸਿਰਫ LV ਸਾਇਡ ਨੂੰ ਡਿਸਚਾਰਜ ਕਰਨ ਦਾ ਕੋਡ ਲਿਆ ਗਿਆ, ਜੋ ਕਿ ਅਣ-ਉਚਿੱਤ ਸੀ, ਜਿਸ ਦੀ ਪਾਲਣਾ ਕਰਨ ਤੇ ਕੀਤੀਆਂ ਉਪਰੇਸ਼ਨਾਂ ਨਾਲ 206 ਬੇਅ ਦਾ CT ਡਿਸਚਾਰਜ ਨਹੀਂ ਹੋਇਆ ਅਤੇ 89LE2 ਅਰਥ ਸਵਿੱਚ ਲਗਵਾਉਣ ਤੇ ICT-2 ਟਰਿਪ ਕਰ ਗਿਆ। ਜਿਸ ਲਈ ਤੁਸੀਂ ਸਿੱਧੇ ਤੌਰ ਤੇ ਜਿੰਮੇਵਾਰ ਹੋ। 315 MVA/ICT-2 ਦੀ 206 BAY ਦੇ ਸੀ-ਟੀ ਵਿੱਚ ਗੈਸ ਭਰਨ ਸਮੇਂ ਤੁਸੀਂ ਸਬ-ਸਟੇਸ਼ਨ ਤੇ ਮੌਜੂਦ ਸੀ ਅਤੇ ਇਸ ਹਾਦਸੇ ਨੂੰ ਹੋਣ ਤੋਂ ਬਚਾ ਸਕਦੇ ਸੀ।ਇਸ ਲਈ ਤੁਸੀਂ ਸਿੱਧੇ ਤੌਰ ਤੇ ਜਿੰਮੇਵਾਰ ਹੋ। ਤੁਹਾਡੀ ਇਸ ਅਣਗਹਿਲੀ/ ਕੁਤਾਹੀ/ ਗਲਤੀ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਸੀ।ਗੈਸ ਭਰਨ ਦੇ ਕੰਮ ਨੂੰ ਕਰਨ ਹਿਤ ਜਾਰੀ ਕੀਤੇ ਪਰਮਿਟ ਨੰ. 1517 ਮਿਤੀ 28.04.2022 ਵਿੱਚ ਜਾਰੀ ਕਰਨ ਦੇ ਸਮੇਂ ਨੂੰ ਤੁਹਾਡੇ ਪੱਖ ਵਿੱਚ ਓਵਰਰਾਈਟਿੰਗ ਕਰਕੇ 17:28 ਮਿੰਟ ਕੀਤਾ ਗਿਆ ਅਤੇ ਤੁਹਾਡੇ ਵਲੋਂ ਅਸਲ ਪਰਮਿਟ ਗੁੰਮ ਕਰ ਦਿੱਤਾ ਗਿਆ ਜਿਸ ਲਈ ਤੁਸੀਂ ਜਿੰਮੇਵਾਰ ਹੋ।

ਤੁਹਾਡੇ ਵਲੋਂ ਡਿਊਟੀ ਸਮੇਂ ਦੌਰਾਨ ਕੀਤੀਆਂ ਉਪਰੋਕਤ ਕੁਤਾਹੀਆਂ/ ਅਣਗਹਿਲੀਆਂ/ ਗਲਤੀਆਂ ਦੇ ਮੱਦੇਨਜਰ ਆਪ ਵਿਰੁੱਧ ਪੰ.ਰਾ.ਬਿ.ਬੋ./ਹੁਣ ਪੀ.ਐਸ.ਟੀ.ਸੀ.ਐਲ./ ਪੀ.ਐਸ.ਪੀ.ਸੀ.ਐਲ., ਕਰਮਚਾਰੀ ਸਜ਼ਾ ਤੇ ਅਪੀਲ ਰੈਗੂਲੇਸ਼ਨ - 1971 ਦੇ ਵਿਨਿਯਮ 05 ਦੇ ਕ੍ਰਮ ਨੰ. v ਤੋਂ ix ਤੱਕ (ਵਿਨਿਯਮ 8 ਨਾਲ ਪੜਿਆ ਜਾਵੇ) ਅਧੀਨ, ਅਨੁਸ਼ਾਸ਼ਨੀ ਕਾਰਵਾਈ ਲਈ ਆਕਰਸ਼ਕ ਕਰਦੀਆਂ ਹਨ।"

ਜਿਵੇਂ ਕਿ ਦੋਸ਼ ਸੂਚੀ ਨੰ. 133 ਤੋਂ 135 ਮਿਤੀ: 29.07.2022 ਅਤੇ ਦੋਸ਼ ਸੂਚੀ ਨੰ. 145 ਮਿਤੀ: 14.10.2022 (ਸਾਂਝੀ ਕਾਰਵਾਈ ਅਧੀਨ) ਸਬੰਧੀ ਸੰਕਲਿਤ ਮੁਕੰਮਲ ਕੇਸ ਨੂੰ ਵਾਚਣ ਉਪਰੰਤ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਵਲੋਂ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀ ਨੂੰ ਹੇਠ ਲਿਖੇ ਅਨੁਸਾਰ ਸਜ਼ਾ ਦਿੱਤੀਆਂ ਗਈਆਂ ਸਨ:-

1) ਦੋਸ਼ ਸੂਚੀ ਨੰ. 133 ਮਿਤੀ: 29.07.2022 ਵਿਰੁੱਧ ਇੰਜੀ: ਨਰਿੰਦਰ ਸਿੰਘ (ਕੋਡ ਨੰ. 107626), ਵਧੀਕ ਨਿਗਰਾਨ ਇੰਜੀਨੀਅਰ : 'Letter of advice'
2) ਦੋਸ਼ ਸੂਚੀ ਨੰ. 134 ਮਿਤੀ: 29.07.2022 ਵਿਰੁੱਧ ਇੰਜੀ: ਮਿਲਨ ਜੈਨ (ਕੋਡ ਨੰ. 501019), ਸਹਾਇਕ ਕਾਰਜਕਾਰੀ ਇੰਜੀਨੀਅਰ : 'Letter of advice'
3) ਦੋਸ਼ ਸੂਚੀ ਨੰ. 135 ਮਿਤੀ: 29.07.2022 ਵਿਰੁੱਧ ਸ੍ਰੀ ਅਮਿਤ ਕਾਠ ਪਾਲ (ਆਈ.ਡੀ. ਨੰ. 603188), ਜੂਨੀਅਰ ਇੰਜੀਨੀਅਰ : 'Letter of censure'
4) ਦੋਸ਼ ਸੂਚੀ ਨੰ. 145 ਮਿਤੀ: 14.10.2022 ਵਿਰੁੱਧ ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ : 'One increment without cumulative effect be stopped'

ਜਿਵੇਂ ਕਿ ਉਪਰੋਕਤ ਦਰਸਾਈਆਂ ਸਜ਼ਾਵਾਂ ਦੇ ਸਬੰਧ ਵਿੱਚ ਇਸ ਦਫਤਰ ਵਲੋਂ ਦਫਤਰੀ ਹੁਕਮ ਨੰ. 649 ਮਿਤੀ 08.09.2023 ਜਾਰੀ ਕੀਤਾ ਗਿਆ ਸੀ।

ਜਿਵੇਂ ਕਿ ਇੰਜੀ. ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਵਲੋਂ '*ਪੀ.ਐਸ.ਈ.ਬੀ. ਕਰਮਚਾਰੀਆਂ ਸਜ਼ਾ ਅਤੇ ਅਪੀਲ ਰੈਗੂਲੇਸ਼ਨਜ਼, 1971*' ਦੇ ਵਿਨਿਯਮਾਂ ਅਧੀਨ, ਉਪਰੋਕਤ ਦਰਸਾਈ ਸਜ਼ਾ (ਦਫਤਰੀ ਹੁਕਮ ਨੰ. 649 ਮਿਤੀ 08.09.2023) ਦੇ ਵਿਰੁੱਧ ਅਪੀਲ ਕੀਤੀ ਗਈ। ਵਰਨਣਯੋਗ ਹੈ ਕਿ ਇਸ ਸਾਂਝੀ ਕਾਰਵਾਈ ਦੇ ਕੇਸ ਦੇ ਬਾਕੀ ਰਹਿੰਦੇ ਅਧਿਕਾਰੀਆਂ/ ਕਰਮਚਾਰੀ [ਇੰਜੀ: ਨਰਿੰਦਰ ਸਿੰਘ (ਕੋਡ ਨੰ. 107626), ਵਧੀਕ ਨਿਗਰਾਨ ਇੰਜੀਨੀਅਰ; ਇੰਜੀ: ਮਿਲਨ ਜੈਨ (ਕੋਡ ਨੰ. 501019), ਸਹਾਇਕ ਕਾਰਜਕਾਰੀ ਇੰਜੀਨੀਅਰ (ਹੁਣ ਸੀਨੀ:ਕਾ:ਕਾ:ਇੰਜੀ:) ਅਤੇ ਸ੍ਰੀ ਅਮਿਤ ਕਾਠ ਪਾਲ (ਆਈ.ਡੀ. ਨੰ. 603188), ਜੂਨੀਅਰ ਇੰਜੀਨੀਅਰ] ਵੱਲੋਂ 90 ਦਿਨਾਂ ਦੇ limitation ਸਮੇਂ ਅਤੇ ਇਸ ਉਪਰੰਤ ਹੁਣ ਤੱਕ ਉਕਤ ਦਰਸਾਈਆਂ ਸਜਾਵਾਂ ਦੇ ਵਿਰੁੱਧ ਕੋਈ ਵੀ ਅਪੀਲ ਦਾਇਰ ਨਹੀਂ ਕੀਤੀ ਗਈ ਹੈ।

ਜਿਵੇਂ ਕਿ ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਵਲੋਂ '*ਪੀ.ਐਸ.ਈ.ਬੀ.* ਕਰਮਚਾਰੀਆਂ ਸਜ਼ਾ ਅਤੇ ਅਪੀਲ ਰੈਗੂਲੇਸ਼ਨਜ਼, 1971' ਵਲੋਂ ਕੀਤੀ ਗਈ ਅਪੀਲ ਉਤੇ ਸਬੰਧਤ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ ਕ੍ਰਮਵਾਰ ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ., ਬਠਿੰਡਾ ਅਤੇ ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਵਲੋ ਆਪਣੀਆਂ ਟਿਪਣੀਆਂ ਦਿਤੀਆ ਗਈਆਂ।

ਜਿਵੇਂ ਕਿ ਉਪਰੋਕਤ ਦਰਸਾਏ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਅਪੀਲ ਸਬੰਧੀ ਟਿਪਣੀਆਂ ਪ੍ਰਾਪਤ ਹੋਣ ਉਪਰੰਤ, ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਵਲੋਂ ਇਸ ਦਫਤਰ ਵਲੋਂ ਦਫਤਰੀ ਹੁਕਮ ਨੰ. 649 ਮਿਤੀ 08.09.2023 ਵਿਰੁੱਧ ਕੀਤੀ ਗਈ ਅਪੀਲ ਸਬੰਧੀ ਸੰਕਲਿਤ ਮੁਕੰਮਲ ਕੇਸ (EIC/ HIS&D ਅਜੰਡਾ ਨੰ. 6 ਮਿਤੀ 29.02.2024) ਨੂੰ ਅਪੀਲੀ ਅਧਿਕਾਰੀ ਬੀ.ਓ.ਡੀ., ਪੀ.ਐਸ.ਟੀ.ਸੀ.ਐਲ. ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ/ ਫੈਸਲੇ ਹਿਤ ਪੇਸ਼ ਕੀਤਾ ਗਿਆ ਸੀ।

ਜਿਵੇਂ ਕਿ ਬੀ.ਓ.ਡੀ., ਪੀ.ਐਸ.ਟੀ.ਸੀ.ਐਲ. ਜੀ ਵੱਲੋਂ ਉਪਰੋਕਤ ਅਜੰਡੇ (EIC/HIS&D ਅਜੰਡਾ ਨੰ. 6 ਮਿਤੀ 29.02.2024) ਨੂੰ ਆਪਣੀ 83ਵੀਂ ਮੀਟਿੰਗ ਮਿਤੀ 09.03.2024 ਵਿਖੇ ਵਾਚਣ ਉਪਰੰਤ, ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਵਲੋਂ ਕੀਤੀ ਗਈ ਅਪੀਲ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਜਾਰੀ ਕੀਤਾ ਗਿਆ ਹੈ:-

*"Board perused the agenda put up by EIC/ HIS&D and after deliberation rejected the appeal filed by Sh. Parampal Sehgal, ID no: 603040, Junior Engineer"*

ਇਸ ਲਈ, ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ, ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਵੱਲੋਂ ਇਸ ਦਫਤਰ ਦੇ ਦਫਤਰੀ ਹੁਕਮ ਨੰ. 649 ਮਿਤੀ 08.09.2023 ਵਿਰੁੱਧ ਕੀਤੀ ਗਈ ਅਪੀਲ ਨੂੰ ਖਾਰਜ ਕਰਦਾ ਹੈ।

ਇਹ ਹੁਕਮ ਅਪੀਲੀ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀ:/ ਐਚ.ਆਰ. ਅਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ ।

ਪਿੱਠ ਅੰਕਣ ਨੰ: 3780/88 /CS- 133 to 135 & CS-145 ਮਿਤੀ : 5/4/24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ:-

1. ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ।
2. ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਬਠਿੰਡਾ ਨੂੰ 1 ਨੰ: ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸ਼੍ਰੀ ਪਰਮਪਾਲ ਸਹਿਗਲ, (ਆਈ ਡੀ ਨੰ. 603040) ਜੂਨੀਅਰ ਇੰਜੀਨੀਅਰ ਨੂੰ ਵਾਧੂ ਕਾਪੀ ਸੌਂਪ ਕੇ ਉਸ ਦੀ ਪ੍ਰਾਪਤੀ ਰਸੀਦ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ ਜੀ।
4. ਵਧੀਕ ਨਿਗਰਾਨ ਇੰਜੀਨੀਅਰ/ ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ., ਸ਼੍ਰੀ ਮੁਕਤਸਰ ਸਾਹਿਬ। (ਰਜਿਸਟਰਡ)
5. ਵਧੀਕ ਨਿਗਰਾਨ ਇੰਜੀਨੀਅਰ/ 400 ਕੇ.ਵੀ ਸਬ-ਸਟੇਸ਼ਨ, ਪੀ.ਐਸ.ਟੀ.ਸੀ.ਐਲ., ਸ਼੍ਰੀ ਮੁਕਤਸਰ ਸਾਹਿਬ।
6. ਵਧੀਕ ਨਿਗਰਾਨ ਇੰਜੀਨੀਅਰ/ ਟ੍ਰੇਨਿੰਗ (ਪੀ ਤੇ ਆਰ), ਪੀ.ਐਸ.ਟੀ.ਸੀ.ਐਲ., ਪਟਿਆਲਾ।
7. ਉਪ ਸਕੱਤਰ/ ਅਮਲਾ, ਪੀ.ਐਸ.ਟੀ.ਸੀ.ਐਲ., ਪਟਿਆਲਾ।
8. ਸੀਨੀ:ਕਾ:ਕਾ:ਇੰਜੀ:/ ਪ੍ਰਸੋਨਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
੯. ਸ਼੍ਰੀ ਪਰਮਪਾਲ ਸਹਿਗਲ, ਆਈ.ਡੀ. ਨੰ.-603040, ਜੂਨੀਅਰ ਇੰਜੀਨੀਅਰ, ਦਫਤਰ: 132 ਕੇਵੀ ਸਬ-ਸਟੇਸ਼ਨ, PSTCL, ਸਰਾਏਨਾਗਾ, ਪਿੰਨ ਕੋਡ- 152026 (ਰਜਿਸਟਰਡ)

5/4/2024

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

ਸੀ.ਸੀ. 3789/92 / 5/4/24

1) ਸੀਨੀ: ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4) ਕੰਪਨੀ ਸਕੱਤਰ/ ਪੀ.ਐਸ.ਟੀ.ਸੀ.ਐਲ, ਪਟਿਆਲਾ।